Te Kāwanatanga o Aotearoa
New Zealand Government

MINISTRY OF HEALTH
MANATŪ HAUORA

Assisted Dying Service

# Assisted dying service (ਸਹਾਇਤਾ ਪ੍ਰਾਪਤ ਮਰਨ ਸੇਵਾ) ਬਾਰੇ ਸੰਖੇਪ ਵੇਰਵੇ

ਨਵੰਬਰ 2021

---

## ਇਹ ਸੂਚਨਾ ਪੱਤਰ assisted dying service (ਸਹਾਇਤਾ ਪ੍ਰਾਪਤ ਮਰਨ ਸੇਵਾ) ਦਾ ਇੱਕ ਸੰਖੇਪ ਵੇਰਵਾ ਪ੍ਰਦਾਨ ਕਰਦਾ ਹੈ ਜੋ ਕਿ ਨਿਊ ਜ਼ੀਲੈਂਡ ਵਿੱਚ 7 ਨਵੰਬਰ 2021 ਤੋਂ ਉਪਲਬਧ ਹੈ।

Assisted dying (ਸਹਾਇਤਾ ਪ੍ਰਾਪਤ ਮਰਨ) ਇੱਕ ਸੰਵੇਦਨਸ਼ੀਲ ਵਿਸ਼ਾ ਹੈ ਅਤੇ ਕੁਝ ਵਿਅਕਤੀਆਂ ਲਈ ਔਖਾ ਹੋ ਸਕਦਾ ਹੈ। ਜੇਕਰ ਇਸ ਸੂਚਨਾ ਨੂੰ ਪੜ੍ਹਨ ਨਾਲ ਤੁਹਾਨੂੰ ਕੁਝ ਤਣਾਓਪੂਰਣ ਅਨੁਭਵ ਹੁੰਦਾ ਹੈ, ਤਾਂ ਸਹਾਇਤਾ ਉਪਲਬਧ ਹੈ। ਤੁਸੀਂ ਕਿਸੇ ਵੀ ਸਮੇਂ ਇੱਕ ਸਿੱਖਿਅਤ ਸਲਾਹਕਾਰ ਨਾਲ ਮੁਫ਼ਤ ਵਿੱਚ ਗੱਲ ਕਰਨ ਲਈ **1737** 'ਤੇ ਕਾਲ ਜਾਂ ਮੈਸੇਜ ਕਰ ਸਕਦੇ ਹੋ।

ਇਸ ਸੂਚਨਾ ਪੱਤਰ ਵਿੱਚ, 'ਵਿਅਕਤੀ' ਸ਼ਬਦ ਤੋਂ ਭਾਵ ਹੈ ਕੋਈ ਅਜਿਹਾ ਜੋ assisted dying ਦੀ ਬੇਨਤੀ ਕਰ ਸਕਦਾ ਹੋਵੇ। Assisted dying ਲਈ ਸਖ਼ਤ ਮਾਪਦੰਡ ਹਨ, ਅਤੇ ਇੱਕ ਜੀਵਨ ਅੰਤ ਬਿਮਾਰੀ ਵਾਲਾ ਹਰ ਕੋਈ ਯੋਗ ਨਹੀਂ ਹੋਵੇਗਾ। Assisted dying ਉਹਨਾਂ ਲੋਕਾਂ ਲਈ ਇੱਕ ਵਿਕਲਪ ਹੈ ਜੋ ਜੀਵਨ ਦੇ ਅੰਤ 'ਤੇ ਹੋਣ। ਇਹ ਹੋਰ ਜੀਵਨ ਸਮਾਪਤੀ ਸੰਭਾਲ ਦੀ ਥਾਂ ਨਹੀਂ ਲੈਂਦਾ ਹੈ।

Assisted dying ਕਿਸੇ ਦੀ ਵਿਚਾਰਨ ਅਤੇ ਅਪਣਾਏ ਜਾਣ ਲਈ ਇੱਕ ਵਿਅਕਤੀਗਤ ਅਤੇ ਨਿੱਜੀ ਚੋਣ ਹੈ। ਇਸ ਸੇਵਾ ਦੀ ਬੇਨਤੀ ਵਿਅਕਤੀ ਦੁਆਰਾ ਕਿਸੇ ਵੀ ਹੋਰ ਵਿਅਕਤੀ ਦੇ ਦਬਾਓ ਅਧੀਨ ਨਹੀਂ ਕੀਤੀ ਜਾਣੀ ਚਾਹੀਦੀ।

Assisted dying ਬਾਰੇ ਵਧੇਰੇ ਜਾਣਕਾਰੀ **'ਮਿਨਿਸਟਰੀ ਆਫ਼ ਹੈਲਥ' ਦੀ ਵੈਬਸਾਈਟ** 'ਤੇ ਉਪਲਬਧ ਹੈ।

# Assisted dying ਬਾਰੇ

## ਪਿਛੋਕੜ

Assisted dying ਨਿਊਜ਼ੀਲੈਂਡ ਵਿੱਚ ਇੱਕ ਨਵੀਂ ਸਿਹਤ ਸੇਵਾ ਹੈ ਅਤੇ ਇਸ ਨੂੰ 2020 ਆਮ ਚੋਣਾਂ ਸਮੇਂ ਹੋਏ ਜਨਮਤ ਵਿੱਚ ਜਨਤਕ ਸਮਰਥਨ ਤੋਂ ਬਾਅਦ ਲਾਗੂ ਕੀਤਾ ਗਿਆ ਹੈ।

Assisted dying ਦੀ ਪ੍ਰਕਿਰਿਆ ਦੀ ਵਿਵਸਥਾ ਇੱਕ ਕਾਨੂੰਨ ਵਿੱਚ ਕੀਤੀ ਗਈ ਹੈ ਜਿਸ ਨੂੰ The End of Life Choice Act 2019 (the Act) (ਐਂਡ ਆਫ਼ ਲਾਈਫ ਚੁਆਇਸ ਐਕਟ 2019) (ਕਾਨੂੰਨ) ਕਿਹਾ ਗਿਆ ਹੈ। ਇਹ ਕਾਨੂੰਨ assisted dying ਦੀ ਸੇਵਾ ਲਈ ਯੋਗਤਾ ਮਾਪਦੰਡਾਂ, ਮੁੱਲਾਂਕਣ ਪ੍ਰਕਿਰਿਆ ਅਤੇ ਸੁਰੱਖਿਆ ਉਪਾਆਂ ਨੂੰ ਨਿਰਧਾਰਤ ਕਰਦਾ ਹੈ। Assisted dying 7 ਨਵੰਬਰ 2021 ਤੋਂ ਨਿਊ ਜ਼ੀਲੈਂਡ ਵਿੱਚ ਕਾਨੂੰਨੀ ਹੈ।

## Assisted dying ਉਸ ਵਿਅਕਤੀ ਲਈ ਇੱਕ ਵਿਕਲਪ ਹੈ ਜੋ ਆਪਣੇ ਜੀਵਨ ਦੇ ਅੰਤ 'ਤੇ ਹੋਵੇ

Assisted dying ਦਾ ਅਰਥ ਹੈ ਕਿ ਜੀਵਨ ਅੰਤ ਵਾਲੀ ਬਿਮਾਰੀ ਵਾਲਾ ਵਿਅਕਤੀ ਜੋ ਯੋਗਤਾ ਮਾਪਦੰਡ ਪੂਰੇ ਕਰਦਾ ਹੋਵੇ ਅਜਿਹੀ ਦਵਾਈ ਦੀ ਬੇਨਤੀ ਕਰ ਸਕਦਾ ਹੈ ਜਿਸ ਨਾਲ ਉਸ ਦੇ ਜੀਵਨ ਦਾ ਅੰਤ ਹੋ ਜਾਵੇ।

Assisted dying ਮੌਜੂਦਾ ਜੀਵਨ ਸਮਾਪਤੀ ਸੰਭਾਲ ਵਿਕਲਪਾਂ ਦਾ ਸਥਾਨ ਨਹੀਂ ਲੈਂਦਾ, ਜਿਵੇਂ ਕਿ ਸਾਂਤਕਾਰੀ ਸੰਭਾਲ। ਇਹ ਜੀਵਨ ਅੰਤ ਵਾਲੀ ਬਿਮਾਰੀ ਵਾਲੇ ਇੱਕ ਵਿਅਕਤੀ ਲਈ ਵਿਸ਼ੇਸ਼ ਹਾਲਾਤਾਂ ਵਿੱਚ ਇੱਕ ਹੋਰ ਵਿਕਲਪ ਪ੍ਰਦਾਨ ਕਰਦੀ ਹੈ।

ਸਾਂਤਕਾਰੀ ਸੰਭਾਲ ਉਹਨਾਂ ਲੋਕਾਂ ਦੇ ਦਰਦ ਅਤੇ ਲਛਣਾਂ ਦੇ ਪ੍ਰਬੰਧ ਕਰਨ ਬਾਰੇ ਹੈ ਜਿਹਨਾਂ ਨੂੰ ਇੱਕ ਅਜਿਹੀ ਬਿਮਾਰੀ ਹੈ ਜਿਸਦਾ ਕੋਈ ਇਲਾਜ ਨਹੀਂ ਕੀਤਾ ਜਾ ਸਕਦਾ ਹੈ। ਇਹ ਘਰ ਵਿੱਚ ਜਾਂ ਇੱਕ ਸਮੁਦਾਇਕ ਸੁਵਿਧਾ, ਜਿਵੇਂ ਕਿ ਇੱਕ 'ਹੋਸਪਿਸ' ਵਿੱਚ ਪ੍ਰਦਾਨ ਕੀਤੀ ਜਾ ਸਕਦੀ ਹੈ। ਵਧੇਰੇ ਸੂਚਨਾ **ਮੰਤਰਾਲੇ ਦੀ ਵੈਬਸਾਈਟ** 'ਤੇ ਪ੍ਰਾਪਤ ਕੀਤੀ ਜਾ ਸਕਦੀ ਹੈ।

ਹੋ ਸਕਦਾ ਹੈ ਵਿਅਕਤੀ ਹੋਰ ਜੀਵਨ ਸਮਾਪਤੀ ਸੰਭਾਲ ਲੈ ਰਿਹਾ ਹੋਵੇ, ਜਿਵੇਂ ਕਿ ਸਾਂਤਕਾਰੀ ਸੰਭਾਲ, ਅਤੇ ਉਹ ਇਸ ਸੰਭਾਲ ਨੂੰ ਲੈਣਾ ਵੀ ਜਾਰੀ ਰੱਖ ਸਕਦੇ ਹਨ ਜਦੋਂ ਕਿ ਉਹ assisted dying service ਲੈਣ ਲਈ ਪਹੁੰਚ ਕਰ ਰਹੇ ਹੋਣ। Assisted dying ਦੇ ਹਿੱਸੇ ਵੱਜੋਂ, ਵਿਅਕਤੀ ਦਾ ਡਾਕਟਰ ਇਹ ਸੁਨਿਸ਼ਚਤ ਕਰੇਗਾ ਕਿ ਵਿਅਕਤੀ ਆਪਣੇ ਹੋਰ ਜੀਵਨ ਸਮਾਪਤੀ ਸੰਭਾਲ ਵਿਕਲਪਾਂ ਨੂੰ ਸਮਝਦਾ ਹੈ।

## Assisted dying ਲੈਣ ਲਈ ਇੱਕ ਨਿਰਧਾਰਤ ਪ੍ਰਕਿਰਿਆ ਹੈ

Assisted dying ਦੀ ਪ੍ਰਕਿਰਿਆ ਨੂੰ ਕਾਨੂੰਨ (The Act) ਵਿੱਚ ਨਿਰਧਾਰਤ ਕੀਤਾ ਗਿਆ ਹੈ। ਸ਼ਾਮਲ ਚਰਣਾਂ ਵਿੱਚ ਸ਼ਾਮਲ ਹਨ:

- ਇੱਕ ਡਾਕਟਰ ਜੋ ਇਹ ਮੁੱਲਾਂਕਣ ਕਰਦਾ ਹੈ ਕਿ ਕੀ ਵਿਅਕਤੀ ਯੋਗ ਹੈ

- ਇੱਕ ਦੂਜਾ, ਸੁਤੰਤਰ ਡਾਕਟਰ ਜੋ ਇਹ ਮੁੱਲਾਂਕਣ ਕਰਦਾ ਹੈ ਕਿ ਕੀ ਵਿਅਕਤੀ ਯੋਗ ਹੈ
- ਜੇਕਰ ਲੋੜ ਹੋਵੇ, ਇੱਕ ਮਨੋਵਿਗਿਆਨੀ ਜੋ ਇਹ ਮੁੱਲਾਂਕਣ ਕਰਦਾ ਹੈ ਕਿ ਕੀ ਵਿਅਕਤੀ ਇੱਕ ਦਿੱਤੀ ਗਈ ਸੂਚਨਾ ਦੇ ਆਧਾਰ 'ਤੇ ਫੈਸਲਾ ਕਰਨ ਦੇ ਕਾਬਲ ਹੈ
- Assisted death ਲਈ ਯੋਜਨਾਬੰਦੀ, ਜਿਸ ਵਿੱਚ ਇੱਕ ਮਿਤੀ ਅਤੇ ਸਮਾਂ ਚੁਣਨਾ ਅਤੇ ਦਵਾਈ ਦਿੱਤੇ ਜਾਣ ਲਈ ਢੰਗ ਸ਼ਾਮਲ ਹਨ
- ਦਵਾਈ ਦੇਣ ਵਾਲਾ ਇੱਕ ਡਾਕਟਰ ਜਾਂ ਇੱਕ ਪੇਸ਼ੇਵਰ ਨਰਸ (ਇੱਕ ਡਾਕਟਰ ਦੇ ਨਿਰਦੇਸ਼ ਅਧੀਨ)।

ਇਸ ਸੂਚਨਾ ਪੱਤਰ ਵਿੱਚ ਇਹਨਾਂ ਚਰਣਾਂ ਬਾਰੇ ਵਧੇਰੇ ਜਾਣਕਾਰੀ ਹੈ।

## 'ਮਿਨਿਸਟਰੀ ਆਫ਼ ਹੈਲਥ' ਦੀ ਭੂਮਿਕਾ

'ਮਿਨਿਸਟਰੀ ਆਫ਼ ਹੈਲਥ' assisted dying service ਦੀ ਨਿਗਰਾਨੀ ਅਤੇ ਵਿੱਤ ਪ੍ਰਦਾਨ ਕਰਨ ਲਈ ਜ਼ਿੰਮੇਵਾਰ ਹੈ। ਇਸ ਵਿੱਚ ਸੇਵਾ ਦੀ ਨਿਗਰਾਨੀ ਕਰਨਾ ਅਤੇ ਸਮੇਂ ਅਨੁਸਾਰ ਇਸ ਵਿੱਚ ਸੁਧਾਰ ਕਰਨਾ ਸ਼ਾਮਲ ਹੈ।

'ਮਿਨਿਸਟਰੀ ਆਫ਼ ਹੈਲਥ' ਦੀ ਇੱਕ ਸਕੱਤਰੇਤ ਟੀਮ ਹੈ ਜੋ ਵਿਅਕਤੀ, ਉਸਦੇ whānau (ਫਾਨਾਓ) ਅਤੇ ਸ਼ਾਮਲ ਸਿਹਤ ਪੇਸ਼ੇਵਰਾਂ ਦਾ ਸੰਪਰਕ ਸਥਾਨ ਹੈ।

ਰਜਿਸਟਰਾਰ (Assisted Dying) ਸਕੱਤਰੇਤ ਦਾ ਹਿੱਸਾ ਹੈ। ਉਹ ਇਹ ਚੈਕ ਕਰਨਗੇ ਕਿ ਕਾਨੂੰਨ ਵਿੱਚ ਲੋੜੀਂਦੀਆਂ ਪ੍ਰਕਿਰਿਆਵਾਂ ਦੀ ਪਾਲਣਾ ਹਰ ਯੋਗ ਵਿਅਕਤੀ ਲਈ ਕੀਤੀ ਗਈ ਹੈ।

## ਨਿਊ ਜ਼ੀਲੈਂਡ ਵਿੱਚ ਜੀਵਨ ਸਮਾਪਤੀ ਲਈ ਸਹਾਇਤਾ ਅਤੇ ਸਲਾਹ ਐਸ.ਸੀ.ਈ.ਐਨ.ਜ਼ੈੱਡ.(SCENZ) ਗਰੁੱਪ

ਨਿਊ ਜ਼ੀਲੈਂਡ ਵਿੱਚ ਜੀਵਨ ਸਮਾਪਤੀ ਲਈ ਸਹਾਇਤਾ ਅਤੇ ਸਲਾਹ ਐਸ.ਸੀ.ਈ.ਐਨ.ਜ਼ੈੱਡ. (SCENZ) ਗਰੁੱਪ ਇੱਕ ਕਾਨੂੰਨੀ ਸੰਸਥਾ ਹੈ ਜਿਸਦੀ ਸਥਾਪਨਾ assisted dying service ਲਈ ਕੀਤੀ ਗਈ ਹੈ। ਐਸ.ਸੀ.ਈ.ਐਨ.ਜ਼ੈੱਡ. (SCENZ) ਗਰੁੱਪ ਡਾਕਟਰੀ ਪੇਸ਼ੇਵਰਾਂ, ਨਰਸ ਪੇਸ਼ੇਵਰਾਂ, ਅਤੇ ਮਨੋਵਿਗਿਆਨੀਆਂ ਦੀਆਂ ਸੂਚੀਆਂ ਬਣਾਏ ਰੱਖਣ ਲਈ ਜ਼ਿੰਮੇਵਾਰ ਹੈ ਜੋ assisted dying services ਪ੍ਰਦਾਨ ਕਰਦੇ ਹਨ।

ਇੱਕ ਵਿਅਕਤੀ ਇਸ ਸੂਚੀ ਵਿੱਚੋਂ ਇੱਕ ਡਾਕਟਰੀ ਪੇਸ਼ੇਵਰ ਦਾ ਨਾਮ ਅਤੇ ਸੰਪਰਕ ਵੇਰਵੇ ਪੁੱਛ ਸਕਦਾ ਹੈ ਜੇਕਰ ਉਹਨਾਂ ਦਾ ਡਾਕਟਰ assisted dying services ਪ੍ਰਦਾਨ ਨਹੀਂ ਕਰਦਾ ਹੈ, ਜਾਂ ਉਹ ਆਪਣੇ ਖੁਦ ਦੇ ਡਾਕਟਰ ਨਾਲ ਗੱਲ ਨਹੀਂ ਕਰਨਾ ਚਾਹੁੰਦੇ ਹਨ।

# Assisted dying ਲਈ ਯੋਗਤਾ

## Assisted dying ਲਈ ਸਖਤ ਯੋਗਤਾ ਮਾਪਦੰਡ ਹਨ

ਇੱਕ ਜੀਵਨ ਅੰਤ ਬਿਮਾਰੀ ਵਾਲਾ ਹਰ ਕੋਈ assisted dying ਦੇ ਯੋਗ ਨਹੀਂ ਹੋਵੇਗਾ। ਕਾਨੂੰਨ (The Act) ਬਿਆਨ ਕਰਦਾ ਹੈ ਕਿ ਯੋਗ ਹੋਣ ਲਈ, ਵਿਅਕਤੀ ਲਈ ਸਾਰੇ ਮਾਪਦੰਡ ਪੂਰੇ ਕਰਨੇ ਲਾਜ਼ਮੀ ਹਨ। ਵਿਅਕਤੀ ਲਾਜ਼ਮੀ ਤੌਰ 'ਤੇ ਹੋਵੇ:

- 18 ਸਾਲ ਜਾਂ ਵਧ ਉਮਰ ਦਾ
- ਨਿਊ ਜ਼ੀਲੈਂਡ ਦਾ ਇੱਕ ਨਾਗਰਿਕ ਜਾਂ ਪੱਕਾ ਵਸਨੀਕ
- ਇੱਕ ਜੀਵਨ ਅੰਤ ਵਾਲੀ ਬਿਮਾਰੀ ਤੋਂ ਪੀੜਤ ਹੋਵੇ ਜਿਸ ਕਾਰਨ ਛੇ ਮਹੀਨਿਆਂ ਵਿੱਚ ਉਸਦੀ ਮੌਤ ਹੋਣ ਦੀ ਸੰਭਾਵਨਾ ਹੋਵੇ
- ਸਰੀਰਕ ਸਮਰੱਥਾ ਵਿੱਚ ਨਾ ਮੁੜਨ ਯੋਗ ਗਿਰਾਵਟ ਦੀ ਵਿਕਸਤ ਹਾਲਤ ਵਿੱਚ ਹੋਵੇ
- ਨਾ ਸਹਿਣਯੋਗ ਪੀੜਾ ਮਹਿਸੂਸ ਕਰਦਾ ਹੋਵੇ ਜਿਸ ਤੋਂ ਇਸ ਢੰਗ ਨਾਲ ਆਰਾਮ ਨਾ ਮਿਲ ਸਕਦਾ ਹੋਵੇ ਜਿਸਨੂੰ ਵਿਅਕਤੀ ਸਹਿਣਯੋਗ ਮੰਨਦਾ ਹੋਵੇ
- Assisted dying ਬਾਰੇ ਦਿੱਤੀ ਗਈ ਸੂਚਨਾ ਦੇ ਆਧਾਰ 'ਤੇ ਫੈਸਲਾ ਕਰਨ ਦੇ ਕਾਬਲ ਹੋਵੇ।

ਇੱਕ ਅਪਾਹਿਜ ਜਾਂ ਮਾਨਸਿਕ ਬਿਮਾਰੀ ਵਾਲਾ ਵਿਅਕਤੀ assisted dying ਤਕ ਪਹੁੰਚ ਕਰ ਸਕਦਾ ਹੈ ਜੇਕਰ ਉਹ ਉੱਪਰ ਦੱਸੇ ਮਾਪਦੰਡ ਪੂਰਾ ਕਰਦੇ ਹੋਣ। ਇੱਕ ਵਿਅਕਤੀ assisted dying ਤਕ ਸਿਰਫ ਇਸ ਆਧਾਰ 'ਤੇ ਪਹੁੰਚ ਨਹੀਂ ਕਰ ਸਕਦਾ ਕਿ ਉਸ ਨੂੰ ਮਾਨਸਿਕ ਵਿਕਾਰ ਜਾਂ ਮਾਨਸਿਕ ਰੋਗ ਹੈ, ਇੱਕ ਅਪਾਹਿਜਤਾ ਹੈ ਜਾਂ ਵਧ ਉਮਰ ਦਾ ਹੈ।

## Assisted dying ਬਾਰੇ ਦਿੱਤੀ ਗਈ ਸੂਚਨਾ ਦੇ ਆਧਾਰ ‘ਤੇ ਫੈਸਲਾ ਕਰਨ ਦੇ ਕਾਬਲ ਹੋਣਾ

ਵਿਅਕਤੀ ਦਾ ਮੁੱਲਾਂਕਣ assisted dying ਬਾਰੇ ਦਿੱਤੀ ਗਈ ਸੂਚਨਾ ਦੇ ਆਧਾਰ 'ਤੇ ਫੈਸਲਾ ਕਰਨ ਦੇ ਕਾਬਲ ਹੋਣ ਦੇ ਰੂਪ ਵਿੱਚ ਹੋਣਾ ਲਾਜ਼ਮੀ ਹੈ। ਇਸ ਦਾ ਅਰਥ ਹੈ ਕਿ ਵਿਅਕਤੀ assisted dying ਬਾਰੇ ਸਬੰਧਤ ਜਾਣਕਾਰੀ ਨੂੰ ਸਮਝਣ, ਯਾਦ ਰੱਖਣ, ਵਰਤੋਂ ਕਰਨ ਅਤੇ ਵਿਚਾਰਨ ਦੇ ਯੋਗ ਹੈ, ਅਤੇ ਕਿਸੇ ਢੰਗ ਨਾਲ ਆਪਣੇ ਫੈਸਲੈ ਨੂੰ ਵਿਅਕਤ ਕਰ ਸਕਦਾ ਹੈ।

ਪੂਰੀ ਮੁੱਲਾਂਕਣ ਪ੍ਰਕਿਰਿਆ ਦੌਰਾਨ ਵਿਅਕਤੀ ਦਾ ਕਾਬਲ ਮੰਨਿਆ ਜਾਣਾ ਲਾਜ਼ਮੀ ਹੈ ਅਤੇ ਸਹਾਇਤਾ ਪ੍ਰਾਪਤ ਮੌਤ ਸਮੇਂ ਵੀ ਲਾਜ਼ਮੀ ਤੌਰ 'ਤੇ ਕਾਬਲ ਹੋਵੇ। ਇਸ ਦਾ ਅਰਥ ਹੈ ਕਿ ਜੇਕਰ ਵਿਅਕਤੀ assisted dying ਲਈ ਯੋਗ ਮੰਨਿਆ ਜਾਂਦਾ ਹੈ ਪਰ ਫੇਰ ਕਾਬਲੀਅਤ ਖੋ ਦਿੰਦਾ ਹੈ, ਤਾਂ ਉਸਨੂੰ ਇੱਕ ਸਹਾਇਤਾ ਪ੍ਰਾਪਤ ਮੌਤ ਨਹੀਂ ਮਿਲ ਸਕਦੀ।

ਨਿਊ ਜ਼ੀਲੈਂਡ ਵਿੱਚ assisted dying ਲਈ ਭਵਿੱਖ ਦੀ ਮਿਤੀ ਤੋਂ ਲਾਗੂ ਹੋਣ ਵਾਲੇ ਨਿਰਦੇਸ਼ ਨਹੀਂ ਵਰਤੇ ਜਾ ਸਕਦੇ। ਭਵਿੱਖ ਦੀ ਮਿਤੀ ਤੋਂ ਲਾਗੂ ਹੋਣ ਵਾਲਾ ਨਿਰਦੇਸ਼ ਇੱਕ ਬਿਆਨ ਹੈ ਜੋ ਨਿਰਧਾਰਤ ਕਰਦਾ ਹੈ ਕਿ ਕਿਹੜਾ ਇਲਾਜ ਵਿਅਕਤੀ ਭਵਿੱਖ ਵਿੱਚ ਲੈਣਾ ਚਾਹੁੰਦਾ ਹੈ, ਜਾਂ ਨਹੀਂ ਲੈਣਾ ਚਾਹੁੰਦਾ ਹੈ।

# Assisted dying ਤਕ ਪਹੁੰਚ ਕਰਨਾ

## Whānau (ਫਾਨਾਓ) ਪ੍ਰਕਿਰਿਆ ਵਿੱਚ ਵਿਅਕਤੀ ਦੀ ਸਹਾਇਤਾ ਕਰ ਸਕਦਾ ਹੈ

Whānau ਅਤੇ ਸੰਭਾਲ ਕਰਤਾ ਇਸ ਪ੍ਰਕਿਰਿਆ ਦੌਰਾਨ ਇੱਕ ਵਿਅਕਤੀ ਦੀ ਸਹਾਇਤਾ ਵਿੱਚ ਮਹੱਤਵਪੂਰਣ ਭੂਮਿਕਾ ਅਦਾ ਕਰ ਸਕਦੇ ਹਨ, ਜੇਕਰ ਵਿਅਕਤੀ ਚਾਹੇ ਕਿ ਉਹ ਅਜਿਹਾ ਕਰਨ। ਜੇਕਰ ਵਿਅਕਤੀ ਨਹੀਂ ਚਾਹੁੰਦਾ ਕਿ ਉਹਨਾਂ ਦੇ whānau ਨਾਲ assisted dying ਦੀ ਚਰਚਾ ਕੀਤੀ ਜਾਵੇ ਤਾਂ ਉਸ ਨੂੰ ਇਹ ਕਰਨ ਦੀ ਲੋੜ ਨਹੀਂ ਹੈ। ਹਾਲਾਂਕਿ, ਵਿਅਕਤੀ ਨੂੰ ਆਪਣੇ whānau ਜਾਂ ਹੋਰ ਸਹਾਇਤਾ ਕਰਨ ਵਾਲੇ ਲੋਕਾਂ ਨਾਲ ਗੱਲ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ ਜੋ ਉਹਨਾਂ ਲਈ ਮਹੱਤਵਪੂਰਣ ਹਨ, ਅਤੇ ਉਹਨਾਂ ਲਈ ਅਜਿਹਾ ਕਰਨ ਦਾ ਇੱਕ ਮੌਕਾ ਹੋਣਾ ਚਾਹੀਦਾ ਹੈ।

Whānau ਦਾ ਅਰਥ ਵੱਖਰੇ ਲੋਕਾਂ ਲਈ ਵੱਖਰੀਆਂ ਚੀਜ਼ਾਂ ਹੋ ਸਕਦਾ ਹੈ। Whānau ਵਿਅਕਤੀ ਦੇ ਨਜ਼ਦੀਕੀ ਪਰਿਵਾਰ ਵਿੱਚੋਂ ਹੋ ਸਕਦਾ ਹੈ ਅਤੇ ਉਸ ਵਿੱਚ ਉਹਨਾਂ ਦੇ ਵਧੇ ਹੋਏ ਪਰਿਵਾਰ, ਸਾਥੀ, ਦੋਸਤ ਜਾਂ ਹੋਰ ਨੁਮਾਇੰਦੇ ਵੀ ਸ਼ਾਮਲ ਹੋ ਸਕਦੇ ਹਨ। ਸ਼ਾਮਲ whānau ਇੱਕ ਵਿਅਕਤੀ ਜਾਂ ਕਈ ਲੋਕ ਹੋ ਸਕਦੇ ਹਨ।

Whānau ਇੱਕ ਵਿਅਕਤੀ ਦੀ ਸਹਾਇਤਾ ਇੰਝ ਕਰ ਸਕਦਾ ਹੈ:

- ਉਹਨਾਂ ਦੀ ਆਪਣੇ ਜੀਵਨ ਸਮਾਪਤੀ ਵਿਕਲਪਾਂ ਨੂੰ ਸਮਝਣ ਅਤੇ ਵਿਚਾਰਨ ਵਿੱਚ ਸਹਾਇਤਾ ਦੁਆਰਾ
- ਉਹਨਾਂ ਦੇ ਨਾਲ ਡਾਕਟਰੀ ਮੁਲਾਕਾਤਾਂ ਵਿੱਚ ਸ਼ਾਮਲ ਹੋਕੇ (ਸ਼ਾਮਲ ਡਾਕਟਰ ਪ੍ਰਕਿਰਿਆ ਵਿੱਚ ਕੁਝ ਨੁਕਤਿਆਂ 'ਤੇ ਆਪਣੇ ਆਪ ਵਿਅਕਤੀ ਨਾਲ ਗੱਲ ਕਰਨਾ ਚਾਹ ਸਕਦੇ ਹਨ)
- ਨਿਜੀ ਸੰਭਾਲ ਕਰਨਾ, ਜਿਵੇਂ ਕਿ ਨਹਿਲਾਉਣਾ ਅਤੇ ਖਾਣਾ ਖੁਆਉਣਾ
- assisted death (ਸਹਾਇਤਾ ਪ੍ਰਾਪਤ ਮੌਤ) ਲਈ ਯੋਜਨਾਬੰਦੀ ਵਿੱਚ ਸਹਾਇਤਾ ਕਰਨਾ
- ਆਰਾਮ ਅਤੇ ਧਰਮ ਦੇ ਅਨੁਸਾਰ ਸੰਭਾਲ ਪ੍ਰਦਾਨ ਕਰਨਾ
- ਸੰਭਾਲ ਅਤੇ ਸਹਾਇਤਾ ਦੀ ਪੇਸ਼ਕਸ਼ ਕਰਨਾ ਜਦੋਂ ਦਵਾਈ ਦਿੱਤੀ ਜਾਂਦੀ ਹੈ।

## ਵਿਅਕਤੀ ਨੂੰ ਆਪਣੇ ਆਪ ਹੀ assisted dying ਨੂੰ ਸ਼ੁਰੂ ਕਰਨਾ ਚਾਹੀਦਾ ਹੈ

ਇਹ ਵਿਅਕਤੀ ਹੀ ਹੋਣਾ ਚਾਹੀਦਾ ਹੈ ਜੋ ਆਪਣੀ ਸਿਹਤ ਸੰਭਾਲ ਟੀਮ ਵਿੱਚ ਕਿਸੇ ਨਾਲ assisted dying ਨੂੰ ਸ਼ੁਰੂ ਕਰੇ। ਇੱਕ ਸਿਹਤ ਪੇਸ਼ੇਵਰ ਇਸ ਦੀ ਇੱਕ ਵਿਕਲਪ ਦੇ ਤੌਰ 'ਤੇ ਸਲਾਹ ਨਹੀਂ ਦੇ ਸਕਦਾ।

ਵਿਅਕਤੀ ਆਪਣੀ ਸਿਹਤ ਟੀਮ ਵਿੱਚ ਕਿਸੇ ਨਾਲ ਵੀ assisted dying ਨੂੰ ਸ਼ੁਰੂ ਕਰ ਸਕਦਾ ਹੈ, ਪਰ ਇੱਕ ਡਾਕਟਰ ਨਾਲ ਗੱਲ ਕਰਨਾ ਸਭ ਤੋਂ ਵਧੀਆ ਹੈ ਕਿਉਂਕਿ ਸਿਰਫ ਡਾਕਟਰ ਹੀ ਕਾਨੂੰਨ (The Act) ਵਿੱਚ ਨਿਰਧਾਰਤ ਮੁੱਲਾਂਕਣ ਪ੍ਰਕਿਰਿਆ ਨੂੰ ਸ਼ੁਰੂ ਕਰ ਸਕਦੇ ਹਨ।

ਵਿਅਕਤੀ ਨੂੰ ਇਹ ਸਪੱਸ਼ਟ ਹੋਵੇ ਕਿ ਉਹਨਾਂ ਨੂੰ assisted dying ਬਾਰੇ ਜਾਣਕਾਰੀ ਚਾਹੀਦੀ ਹੈ। ਉਮੀਦ ਹੈ ਕਿ ਸਿਹਤ ਪੇਸ਼ੇਵਰ ਵਿਅਕਤੀ ਤੋਂ ਕੁਝ ਸੁਆਲ ਪੁੱਛਣਗੇ, ਇਹ ਜਾਂਚ ਕਰਨ ਲਈ ਕਿ ਵਿਅਕਤੀ ਕਿਸ ਬਾਰੇ ਪੁੱਛ ਰਿਹਾ ਹੈ, ਅਤੇ ਸਹਾਇਤਾ ਪ੍ਰਾਪਤ ਬਾਰੇ ਉਹ ਕਿਉਂ ਜਾਣਨਾ ਚਾਹੁੰਦੇ ਹਨ।

## ਇੱਕ ਡਾਕਟਰ ਵਿਅਕਤੀ ਨੂੰ ਪੂਰੀ ਪ੍ਰਕਿਰਿਆ ਦੌਰਾਨ ਸੰਭਾਲ ਪ੍ਰਦਾਨ ਕਰੇਗਾ

ਇੱਕ ਡਾਕਟਰ (ਜਿਸ ਨੂੰ ਅਟੈਂਡ ਕਰਨ ਵਾਲਾ ਡਾਕਟਰੀ ਪੇਸ਼ੇਵਰ ਕਿਹਾ ਜਾਂਦਾ ਹੈ) ਪੂਰੀ assisted dying ਪ੍ਰਕਿਰਿਆ ਵਿੱਚ ਸਹਾਇਤਾ ਕਰੇਗਾ। ਅਟੈਂਡ ਕਰਨ ਵਾਲਾ ਡਾਕਟਰੀ ਪੇਸ਼ੇਵਰ ਮੁੱਲਾਂਕਣ ਪ੍ਰਕਿਰਿਆ ਦੀ ਅਗੁਆਈ ਕਰੇਗਾ, ਅਤੇ ਜੇਕਰ ਵਿਅਕਤੀ ਯੋਗ ਹੈ, ਉਹ ਵਿਅਕਤੀ ਅਤੇ ਉਹਨਾਂ ਦੇ whānau ਦੀ assisted death (ਸਹਾਇਤਾ ਪ੍ਰਾਪਤ ਮੌਤ) ਯੋਜਨਾਬੰਦੀ ਵਿੱਚ ਸਹਾਇਤਾ ਕਰਨਗੇ, ਅਤੇ ਦਵਾਈ ਵੀ ਦੇ ਸਕਦੇ ਹਨ।

ਕਦੇ ਕਦਾਈਂ ਵਿਅਕਤੀ ਨੂੰ ਅਟੈਂਡ ਕਰਨਾ ਵਾਲਾ ਡਾਕਟਰੀ ਪੇਸ਼ੇਵਰ ਉਹਨਾਂ ਦਾ ਮੌਜੂਦਾ ਡਾਕਟਰ ਹੋਵੇਗਾ, ਜਿਵੇਂ ਕਿ ਉਹਨਾਂ ਦਾ ਆਮ ਪੇਸ਼ੇਵਰ ਜਾਂ ਸਪੈਸ਼ਲਿਸਟ। ਹਾਲਾਂਕਿ, ਸਾਰੇ assisted dying services ਪ੍ਰਦਾਨ ਨਹੀਂ ਕਰਨਗੇ। ਇਹ ਨਿੱਜੀ ਵਿਸ਼ਵਾਸਾਂ ਕਰਕੇ ਹੋ ਸਕਦਾ ਹੈ, ਜਾਂ ਕਿਉਂਕਿ ਉਹਨਾਂ ਕੋਲ ਉਚਿਤ ਮੁਹਾਰਤਾਂ ਜਾਂ ਤਜੁਰਬੇ ਨਹੀਂ ਹਨ।

ਜੇਕਰ ਕਿਸੇ ਵਿਅਕਤੀ ਦਾ ਡਾਕਟਰ assisted dying services ਪ੍ਰਦਾਨ ਨਹੀਂ ਕਰਦਾ ਹੈ, ਤਾਂ ਡਾਕਟਰ ਨੂੰ ਚਾਹੀਦਾ ਹੈ:

- ਵਿਆਖਿਆ ਕਰਨਾ ਕਿ ਉਹ ਸੇਵਾ ਪ੍ਰਦਾਨ ਕਿਉਂ ਨਹੀਂ ਕਰਦਾ
- ਵਿਅਕਤੀ ਦਾ ਕਿਸੇ ਅਜਿਹੇ ਡਾਕਟਰ ਨਾਲ ਸੰਪਰਕ ਕਰਵਾਏ ਜੋ ਉਹਨਾਂ ਨੂੰ ਅਟੈਂਡ ਕਰਨ ਵਾਲਾ ਡਾਕਟਰੀ ਪੇਸ਼ੇਵਰ ਹੋ ਸਕਦਾ ਹੈ, ਜਾਂ ਵਿਅਕਤੀ ਨੂੰ ਦੱਸੇ ਕਿ ਉਹ ਐਸ.ਸੀ.ਈ.ਐਨ.ਜ਼ੈੱਡ. (SCENZ) ਗਰੁੱਪ ਤੋਂ ਇੱਕ ਡਾਕਟਰੀ ਪੇਸ਼ੇਵਰ ਦਾ ਨਾਮ ਅਤੇ ਸੰਪਰਕ ਵੇਰਵੇ ਪੁੱਛ ਸਕਦੇ ਹਨ ਜੋ assisted dying services ਪ੍ਰਦਾਨ ਕਰਨ ਦਾ ਇਛੁੱਕ ਹੈ।

ਵਿਅਕਤੀ ਇੱਕ ਅਜਿਹੇ ਡਾਕਟਰੀ ਪੇਸ਼ੇਵਰ ਦਾ ਪਤਾ ਲਗਾਉਣ ਵਿੱਚ ਸਹਾਇਤਾ ਲਈ ਐਸ.ਸੀ.ਈ.ਐਨ.ਜ਼ੈੱਡ. (SCENZ) ਗਰੁੱਪ ਨਾਲ 0800 223 852 'ਤੇ ਸੰਪਰਕ ਕਰ ਸਕਦਾ ਹੈ ਜੋ assisted dying services ਪ੍ਰਦਾਨ ਕਰਦਾ ਹੈ। 'ਮਿਨਿਸਟਰੀ ਆਫ਼ ਹੈਲਥ' ਐਸ.ਸੀ.ਈ.ਐਨ.ਜ਼ੈੱਡ. (SCENZ) ਗਰੁੱਪ ਨਾਲ ਵਿਅਕਤੀ ਦਾ ਸੰਪਰਕ ਇੱਕ ਉਚਿਤ ਅਟੈਂਡ ਕਰਨ ਵਾਲੇ ਡਾਕਟਰੀ ਪੇਸ਼ੇਵਰ ਨਾਲ ਕਰਵਾਉਣ ਵਿੱਚ ਸਹਾਇਤਾ ਲਈ ਕੰਮ ਕਰੇਗੀ।

ਇੱਕ ਵਿਅਕਤੀ ਸਿਧੇ ਵੀ ਐਸ.ਸੀ.ਈ.ਐਨ.ਜ਼ੈੱਡ. (SCENZ) ਗਰੁੱਪ ਨਾਲ ਬਿਨਾਂ ਆਪਣੀ ਸਿਹਤ ਸੰਭਾਲ ਟੀਮ ਨਾਲ ਗੱਲ ਕੀਤੇ ਸੰਪਰਕ ਕਰਨ ਨੂੰ ਚੁਣ ਸਕਦਾ ਹੈ।

## ਹੋਰ ਸਿਹਤ ਪੇਸ਼ੇਵਰ assisted dying service ਵਿੱਚ ਸ਼ਾਮਲ ਹਨ

ਵਿਅਕਤੀ ਦਾ ਮੁੱਲਾਂਕਣ ਅਤੇ ਸਹਾਇਤਾ ਹੋਰ ਸਿਹਤ ਪੇਸ਼ੇਵਰਾਂ ਦੁਆਰਾ ਕੀਤਾ ਜਾਵੇਗਾ ਜਿਵੇਂ ਜਿਵੇਂ ਉਹ ਪ੍ਰਕਿਰਿਆ ਰਾਹੀਂ ਜਾਣਗੇ।

ਜੇਕਰ ਅਟੈਂਡ ਕਰਨ ਵਾਲਾ ਡਾਕਟਰੀ ਪੇਸ਼ੇਵਰ ਸਮਝਦਾ ਹੈ ਕਿ ਵਿਅਕਤੀ ਯੋਗ ਹੈ, ਤਾਂ ਫੇਰ ਇੱਕ ਦੂਜਾ ਸੁਤੰਤਰ ਡਾਕਟਰੀ ਪੇਸ਼ੇਵਰ (ਜਿਸ ਨੂੰ ਸੁਤੰਤਰ ਡਾਕਟਰੀ ਪੇਸ਼ੇਵਰ ਕਿਹਾ ਜਾਂਦਾ ਹੈ) ਵਿਅਕਤੀ ਦਾ ਮੁੱਲਾਂਕਣ ਕਰੇਗਾ। ਜੇਕਰ ਇਹਨਾਂ ਡਾਕਟਰਾਂ ਵਿੱਚੋਂ ਇੱਕ ਜਾਂ ਦੋਵੇਂ ਇਹ ਸੋਚਦੇ ਹਨ ਕਿ ਵਿਅਕਤੀ ਇੱਕ ਫੈਸਲਾ ਲੈਣ ਦੇ ਕਾਬਲ ਨਹੀਂ ਹੈ ਤਾਂ, ਇੱਕ ਮਨੋਵਿਗਿਆਨੀ ਤੀਜਾ ਮੁੱਲਾਂਕਣ ਕਰ ਸਕਦਾ ਹੈ। ਇੱਕ ਮਨੋਵਿਗਿਆਨੀ ਉਹ ਡਾਕਟਰ ਹੁੰਦਾ ਹੈ ਜੋ ਮਾਨਸਿਕ ਸਿਹਤ ਵਿੱਚ ਮਾਹਰ ਹੁੰਦਾ ਹੈ।

ਸੁਤੰਤਰ ਡਾਕਟਰੀ ਪੇਸ਼ੇਵਰ ਅਤੇ ਮਨੋਵਿਗਿਆਨੀ ਜੇਕਰ ਲੋੜ ਹੋਵੇ ਤਾਂ, ਐਸ.ਸੀ.ਈ.ਐਨ.ਜ਼ੈੱਡ.(SCENZ) ਗਰੁੱਪ ਦੁਆਰਾ ਰੱਖੀ ਗਈ ਪੇਸ਼ੇਵਰ ਸੂਚੀ ਵਿੱਚੋਂ ਹੋਣਗੇ।

ਵਿਅਕਤੀ ਕੋਲ ਉਸ ਦੀ ਸੰਭਾਲ ਲਈ ਇੱਕ ਨਰਸ ਪੇਸ਼ੇਵਰ (ਜਿਸ ਨੂੰ ਅਟੈਂਡ ਕਰਨ ਵਾਲਾ/ਵਾਲੀ ਨਰਸ ਪੇਸ਼ੇਵਰ ਕਿਹਾ ਜਾਂਦਾ ਹੈ) ਵੀ ਹੋ ਸਕਦਾ/ਸਕਦੀ ਹੈ। ਇੱਕ ਅਟੈਂਡ ਕਰਨ ਵਾਲੀ/ਵਾਲਾ ਨਰਸ ਪੇਸ਼ੇਵਰ, ਵਿਅਕਤੀ ਨੂੰ ਅਟੈਂਡ ਕਰਨ ਵਾਲੇ ਡਾਕਟਰੀ ਪੇਸ਼ੇਵਰ ਨਾਲ ਕੰਮ ਕਰੇਗਾ/ਕਰੇਗੀ ਅਤੇ ਵਿਅਕਤੀ ਅਤੇ ਉਸ ਦੇ whānau ਦੀ assisted death ਸਬੰਧਤ ਯੋਜਨਾਬੰਦੀ ਵਿੱਚ ਸਹਾਇਤਾ ਕਰ ਸਕਦਾ ਹੈ ਅਤੇ ਜੇਕਰ ਵਿਅਕਤੀ ਇਸ ਨੂੰ ਚੁਣਦਾ ਹੈ ਤਾਂ ਦਵਾਈ ਦੇ ਸਕਦਾ ਹੈ।

ਵਿਅਕਤੀ ਦੀ ਮੌਜੂਦਾ ਸਿਹਤ ਸੰਭਾਲ ਟੀਮ ਵੀ ਵੱਖਰੀਆਂ ਅਵਸਥਾਵਾਂ 'ਤੇ ਸਹਾਇਤਾ ਪ੍ਰਦਾਨ ਕਰ ਸਕਦੀ ਹੈ, ਜਿਵੇਂ ਕਿ ਸੂਚਨਾ ਦੇਣਾ ਜਾਂ ਉਹਨਾਂ ਨੂੰ ਜਾਂ ਉਹਨਾਂ ਦੇ whānau ਦੀ ਪ੍ਰਬੰਧਾਂ ਦੀ ਯੋਜਨਾ ਵਿੱਚ ਸਹਾਇਤਾ ਕਰਨਾ। ਹਾਲਾਂਕਿ, ਇਸ ਨੂੰ assisted dying ਲਈ ਰਸਮੀ ਪ੍ਰਕਿਰਿਆ ਦਾ ਹਿੱਸਾ ਨਹੀਂ ਮੰਨਿਆ ਜਾਂਦਾ ਹੈ।

## Assisted dying service ਮੁਫਤ ਹੈ

ਇੱਕ ਵਿਅਕਤੀ ਨੂੰ ਉਹਨਾਂ ਮੁਲਾਕਾਤਾਂ ਅਤੇ ਦਵਾਈਆਂ ਲਈ ਅਦਾਇਗੀ ਕਰਨ ਦੀ ਲੋੜ ਨਹੀਂ ਜਿਹੜੀਆਂ assisted dying service ਦਾ ਹਿੱਸਾ ਹਨ। ਵਿਅਕਤੀ ਨੂੰ ਫੇਰ ਵੀ ਹੋਰ ਖਰਚਿਆਂ ਦੀ ਅਦਾਇਗੀ ਕਰਨੀ ਪੈ ਸਕਦੀ ਹੈ ਜਿਹੜੇ ਉਹਨਾਂ ਦੀ ਜ਼ਿਆਦਾ ਵੱਡੀ ਸਿਹਤ ਸੰਭਾਲ ਦਾ ਹਿੱਸਾ ਹਨ। ਇਸ ਵਿੱਚ ਸ਼ਾਮਲ ਹਨ:

- ਮੁਲਾਕਾਤ ਦਾ ਖਰਚਾ ਜਿੱਥੇ ਪਹਿਲਾਂ ਉਹ ਆਪਣੇ ਆਮ ਪੇਸ਼ੇਵਰ ਨਾਲ assisted dying ਬਾਰੇ ਗੱਲ ਕਰਦੇ ਹਨ (ਭਾਵੇਂ ਆਮ ਪੇਸ਼ੇਵਰ ਫੇਰ ਵਿਅਕਤੀ ਨੂੰ ਅਟੈਂਡ ਕਰਨ ਵਾਲਾ ਡਾਕਟਰੀ ਪੇਸ਼ੇਵਰ ਬਣ ਜਾਵੇ)
- ਆਮ ਪੇਸ਼ੇਵਰ ਮੁਲਾਕਾਤਾਂ ਦਾ ਖਰਚਾ ਜੋ ਖਾਸ ਤੌਰ 'ਤੇ assisted dying service ਨਾਲ ਸਬੰਧਤ ਨਹੀਂ ਹਨ (ਭਾਵੇਂ ਆਮ ਪੇਸ਼ੇਵਰ ਹੀ ਵਿਅਕਤੀ ਨੂੰ ਅਟੈਂਡ ਕਰਨ ਵਾਲਾ ਡਾਕਟਰੀ ਪੇਸ਼ੇਵਰ ਹੈ)
- ਉਹਨਾਂ ਕਾਗਜ਼ਾਂ 'ਤੇ ਲਿਖੀਆਂ ਦਵਾਈਆਂ ਦਾ ਖਰਚਾ ਜਿਹਨਾਂ ਦੀ ਲੋੜ ਵਿਅਕਤੀ ਦੀ ਜ਼ਿਆਦਾ ਵੱਡੀ ਸਿਹਤ ਸੰਭਾਲ ਲਈ ਹੋਵੇ, ਜਿਵੇਂ ਕਿ ਦਰਦ ਤੋਂ ਰਾਹਤ।

ਵਿਅਕਤੀ ਨੂੰ ਆਮ ਪੇਸ਼ੇਵਰ ਜਾਂ ਉਹਨਾਂ ਦੀ ਸਿਹਤ ਟੀਮ ਦੇ ਹੋਰਨਾਂ ਨਾਲ ਕਿਸੇ ਵੀ ਹੋਰ ਸਿਹਤ ਸੰਭਾਲ ਬਾਰੇ ਗੱਲ ਜਾਰੀ ਰੱਖਣੀ ਚਾਹੀਦੀ ਹੈ, ਜਿਸ ਦੀ ਲੋੜ ਉਹਨਾਂ ਨੂੰ assisted dying ਪ੍ਰਕਿਰਿਆ ਦੌਰਾਨ ਹੋ ਸਕਦੀ ਹੋਵੇ, ਅਤੇ ਇਹ ਸੰਭਾਲ ਵੀ ਆਮ ਵਾਂਗ ਪ੍ਰਦਾਨ ਕੀਤੀ ਜਾਵੇਗੀ।

# ਰਸਮੀ ਮੁੱਲਾਂਕਣ ਪ੍ਰਕਿਰਿਆ

ਕਾਨੂੰਨ assisted dying ਤੱਕ ਪਹੁੰਚ ਲਈ ਇੱਕ ਰਸਮੀ ਮੁੱਲਾਂਕਣ ਪ੍ਰਕਿਰਿਆ ਦਾ ਨਿਰਧਾਰਨ ਕਰਦਾ ਹੈ। ਇਹ ਚਰਣ ਵਿਅਕਤੀ ਨੂੰ ਸੁਰੱਖਿਅਤ ਰੱਖਣ ਲਈ ਮਹੱਤਵਪੂਰਣ ਹਨ। ਇਹ ਚਰਣ ਇੱਕ ਨਿਸ਼ਚਤ ਤਰਤੀਬ ਵਿੱਚ ਹੋਣੇ ਚਾਹੀਦੇ ਹਨ, ਅਤੇ ਪ੍ਰਕਿਰਿਆ ਦਾ ਰਿਕਾਰਡ ਰੱਖਣ ਲਈ ਵਿਸ਼ੇਸ਼ ਫ਼ਾਰਮ ਭਰੇ ਜਾਣੇ ਲਾਜ਼ਮੀ ਹਨ।

ਹਰ ਇੱਕ ਚਰਣ ਇੱਕ ਤੋਂ ਵਧ ਮੁਲਾਕਾਤਾਂ ਦਾ ਬਣਿਆ ਹੋ ਸਕਦਾ ਹੈ। ਹਰ ਇੱਕ ਚਰਣ ‘ਤੇ ਸ਼ਾਮਲ ਡਾਕਟਰ ਵਿਅਕਤੀ ਨੂੰ ਮਿਲ ਸਕਦਾ ਹੈ, ਜੇਕਰ ਲੋੜ ਹੋਵੇ, ਜਿਵੇਂ ਕਿ ਜੇਕਰ ਉਹ ਵਿਅਕਤੀ ਯਾਤਰਾ ਕਰਨ ਲਈ ਪੂਰੀ ਤਰ੍ਹਾਂ ਨਾਲ ਠੀਕ ਨਾ ਹੋਣ। ‘ਟੈਲੀਹੈਲਥ’ ਮੁਲਾਕਾਤਾਂ (ਜਿਵੇਂ ਕਿ ਫੋਨ ਜਾਂ ਵੀਡੀਓ ਕਾਲ ਦੁਆਰਾ) ਇਹਨਾਂ ਚਰਣਾਂ ਵਿੱਚੋਂ ਕੁਝ ਲਈ ਸੰਭਵ ਹੋ ਸਕਦੀਆਂ ਹਨ।

## ਅਰਜ਼ੀ

ਵਿਅਕਤੀ ਲਈ ਲਾਜ਼ਮੀ ਹੈ ਕਿ ਆਪਣੇ ਅਟੈਂਡ ਕਰਨ ਵਾਲੇ ਡਾਕਟਰੀ ਪੇਸ਼ੇਵਰ ਨੂੰ ਇੱਕ ਰਸਮੀ ਬੇਨਤੀ ਕਰੇ। ਇਸ ਗੱਲਬਾਤ ਦੇ ਹਿੱਸੇ ਵੱਜੋਂ, ਅਟੈਂਡ ਕਰਨ ਵਾਲਾ ਡਾਕਟਰੀ ਪੇਸ਼ੇਵਰ ਵਿਅਕਤੀ ਨਾਲ ਜੀਵਨ ਸਮਾਪਤੀ ਸੰਭਾਲ ਦੇ ਹੋਰ ਵਿਕਲਪਾਂ ਬਾਰੇ ਗੱਲ ਕਰੇਗਾ, ਅਤੇ ਇਹ ਦੱਸੇਗਾ ਕਿ ਕਿਸੇ ਵੀ ਸਮੇਂ ਵਿਅਕਤੀ ਆਪਣੇ assisted dying ਬਾਰੇ ਫੈਸਲੇ ਨੂੰ ਬਦਲ ਸਕਦਾ ਹੈ।

ਅਟੈਂਡ ਕਰਨ ਵਾਲਾ ਡਾਕਟਰੀ ਪੇਸ਼ੇਵਰ ਵਿਅਕਤੀ ਨੂੰ ਆਪਣੇ whānau ਨਾਲ ਆਪਣੀ ਚੋਣ ਬਾਰੇ ਗੱਲ ਕਰਨ ਲਈ ਉਤਸ਼ਾਹਿਤ ਕਰੇਗਾ। ਅਟੈਂਡ ਕਰਨ ਵਾਲਾ ਡਾਕਟਰੀ ਪੇਸ਼ੇਵਰ ਹੋਰ ਸਿਹਤ ਪੇਸ਼ੇਵਰਾਂ ਨਾਲ ਵੀ ਗੱਲ ਕਰੇਗਾ ਜੋ ਵਿਅਕਤੀ ਦੀ ਸੰਭਾਲ ਕਰਦੇ ਹਨ, ਅਤੇ ਵਿਅਕਤੀ ਦੇ whānau ਨਾਲ ਵੀ (ਜੇਕਰ ਵਿਅਕਤੀ ਇਸ ਦੀ ਸਹਿਮਤੀ ਦਿੰਦਾ ਹੈ) ਇਹ ਸੁਨਿਸ਼ਚਤ ਕਰਨ ਲਈ ਕਿ ਵਿਅਕਤੀ ਨੂੰ assisted dying ਨੂੰ ਚੁਣਨ ਲਈ ਮਜ਼ਬੂਰ ਨਹੀਂ ਕੀਤਾ ਜਾ ਰਿਹਾ ਹੈ।

ਜੇਕਰ ਵਿਅਕਤੀ ਅੱਗੇ ਵਧਣਾ ਚਾਹੁੰਦਾ ਹੈ ਤਾਂ, ਉਹ ਇੱਕ ਫ਼ਾਰਮ 'ਤੇ ਹਸਤਾਖਰ ਕਰਨਗੇ। ਵਿਅਕਤੀ ਆਪਣੇ ਵੱਲੋਂ ਕਿਸੇ ਹੋਰ ਵਿਅਕਤੀ ਨੂੰ ਹਸਤਾਖਰ ਕਰਨ ਲਈ ਕਹਿ ਸਕਦਾ ਹੈ ਜੇਕਰ ਉਹ ਫ਼ਾਰਮ 'ਤੇ ਲਿਖਣ ਜਾਂ ਹਸਤਾਖਰ ਕਰਨ ਦੇ ਕਾਬਲ ਨਾ ਹੋਵੇ। ਜਦੋਂ ਫ਼ਾਰਮ 'ਤੇ ਹਸਤਾਖਰ ਕੀਤੇ ਜਾਣ ਤਾਂ ਉਹ ਵਿਅਕਤੀ ਦਾ ਹਾਜਰ ਹੋਣਾ ਜ਼ਰੂਰੀ ਹੈ।

## ਪਹਿਲਾ ਮੁੱਲਾਂਕਣ

ਵਿਅਕਤੀ ਦਾ ਮੁੱਲਾਂਕਣ ਉਸ ਨੂੰ ਅਟੈਂਡ ਕਰਨ ਵਾਲੇ ਡਾਕਟਰੀ ਪੇਸ਼ੇਵਰ ਦੁਆਰਾ ਇਹ ਸੁਨਿਸ਼ਚਤ ਕਰਨ ਲਈ ਕੀਤਾ ਜਾਵੇਗਾ ਕਿ ਉਹ ਯੋਗਤਾ ਮਾਪਦੰਡ ਪੂਰੇ ਕਰਦੇ ਹਨ। ਇਸ ਵਿੱਚ ਇਹ ਚੈਕ ਕਰਨਾ ਸ਼ਾਮਲ ਹੈ ਕਿ ਕੀ ਵਿਅਕਤੀ ਇੱਕ ਦਿੱਤੀ ਗਈ ਸੂਚਨਾ ਦੇ ਆਧਾਰ 'ਤੇ ਫੈਸਲਾ ਕਰਨ ਦੇ ਕਾਬਲ ਹੈ ਅਤੇ ਇਹ ਕਿ ਉਹ ਇਹ ਚੋਣ ਕਿਸੇ ਵੀ ਹੋਰ ਵਿਅਕਤੀ ਦੇ ਦਬਾਓ ਤੋਂ ਬਿਨਾਂ ਕਰ ਰਹੇ ਹਨ।

ਜੇਕਰ ਵਿਅਕਤੀ ਯੋਗ ਨਹੀਂ ਹੈ, ਤਾਂ ਅਟੈਂਡ ਕਰਨ ਵਾਲਾ ਡਾਕਟਰੀ ਪੇਸ਼ੇਵਰ ਕਾਰਨਾਂ ਨੂੰ ਦੱਸੇਗਾ, ਅਤੇ ਇਹ ਸੁਨਿਸ਼ਚਤ ਕਰੇਗਾ ਕਿ ਵਿਅਕਤੀ ਦੀ ਸਹਾਇਤਾ ਕੀਤੀ ਗਈ ਹੈ ਅਤੇ ਹੋਰ ਜੀਵਨ ਸਮਾਪਤੀ ਸੰਭਾਲ ਤਕ ਉਸ ਦੀ ਪਹੁੰਚ ਹੈ।

## ਸੁਤੰਤਰ ਮੁੱਲਾਂਕਣ

ਜੇਕਰ ਅਟੈਂਡ ਕਰਨ ਵਾਲਾ ਡਾਕਟਰੀ ਪੇਸ਼ੇਵਰ ਮੁੱਲਾਂਕਣ ਕਰਦਾ ਹੈ ਕਿ ਵਿਅਕਤੀ ਯੋਗ ਹੈ ਤਾਂ, ਫੇਰ ਉਹ ਦੂਜੇ ਮੁੱਲਾਂਕਣ ਲਈ ਇੱਕ ਸੁਤੰਤਰ ਡਾਕਟਰੀ ਪੇਸ਼ੇਵਰ ਦੇਖਣਗੇ। ਇਹ ਇੱਕ ਮਹੱਤਵਪੂਰਣ ਸੁਰੱਖਿਆ ਉਪਾਅ ਹੈ ਜੋ ਸੁਨਿਸ਼ਚਤ ਕਰਨ ਲਈ ਹੈ ਕਿ ਇੱਕ ਵਿਅਕਤੀ ਸੱਪਸ਼ਟ ਤੌਰ 'ਤੇ assisted dying ਦੇ ਯੋਗ ਹੈ।

ਇਸ ਮੁੱਲਾਂਕਣ ਵਿੱਚ ਇਹ ਚੈਕ ਕਰਨਾ ਵੀ ਸ਼ਾਮਲ ਹੈ ਕਿ ਕੀ ਵਿਅਕਤੀ ਇੱਕ ਦਿੱਤੀ ਗਈ ਸੂਚਨਾ ਦੇ ਆਧਾਰ 'ਤੇ ਫੈਸਲਾ ਕਰਨ ਦੇ ਕਾਬਲ ਹੈ ਅਤੇ ਇਹ ਕਿ ਉਹ ਇਹ ਚੋਣ ਕਿਸੇ ਵੀ ਹੋਰ ਵਿਅਕਤੀ ਦੇ ਦਬਾਓ ਤੋਂ ਬਿਨਾਂ ਕਰ ਰਹੇ ਹਨ।

## ਕਾਬਲੀਅਤ ਦਾ ਮੁੱਲਾਂਕਣ (ਜੇਕਰ ਲੋੜ ਹੋਵੇ)

ਕੁਝ ਹਾਲਾਤਾਂ ਵਿੱਚ, ਇੱਕ ਵਿਅਕਤੀ ਨੂੰ ਮਨੋਵਿਗਿਆਨੀ ਦੁਆਰਾ ਵੀ ਦੇਖਿਆ ਜਾਵੇਗਾ। ਇਹ ਉਦੋਂ ਹੋਵੇਗਾ ਜੇਕਰ ਅਟੈਂਡ ਕਰਨ ਵਾਲਾ ਡਾਕਟਰੀ ਪੇਸ਼ੇਵਰ ਅਤੇ ਸੁਤੰਤਰ ਡਾਕਟਰੀ ਪੇਸ਼ੇਵਰ ਦੋਵੇਂ ਸੋਚਦੇ ਹਨ ਕਿ ਵਿਅਕਤੀ ਯੋਗ ਹੈ, ਪਰ ਉਹਨਾਂ ਵਿੱਚੋਂ ਇੱਕ ਜਾਂ ਦੋਵੇਂ ਚਿੰਤਤ ਹਨ ਕਿ ਕੀ ਵਿਅਕਤੀ ਦਿੱਤੀ ਗਈ ਸੂਚਨਾ ਦੇ ਆਧਾਰ 'ਤੇ ਫੈਸਲਾ ਕਰਨ ਦੇ ਕਾਬਲ ਹੈ।

ਮਨੋਵਿਗਿਆਨੀ ਵਿਅਕਤੀ ਦਾ ਇਹ ਸੁਨਿਸ਼ਚਤ ਕਰਨ ਲਈ ਮੁੱਲਾਂਕਣ ਕਰੇਗਾ ਕਿ ਉਹ ਕਾਬਲ ਹੈ। ਉਹ ਇਹ ਵੀ ਚੈਕ ਕਰਨਗੇ ਕਿ ਕੀ ਵਿਅਕਤੀ ਇਹ ਚੋਣ ਕਿਸੇ ਵੀ ਹੋਰ ਵਿਅਕਤੀ ਦੇ ਦਬਾਓ ਤੋਂ ਬਿਨਾਂ ਕਰ ਰਿਹਾ ਹੈ। ਮਨੋਵਿਗਿਆਨੀ ਹੋਰ ਯੋਗਤਾ ਮਾਪਦੰਡ ਚੈਕ ਨਹੀਂ ਕਰੇਗਾ।

## ਯੋਗਤਾ 'ਤੇ ਫੈਸਲਾ

ਵਿਅਕਤੀ ਦਾ ਅਟੈਂਡ ਕਰਨਾ ਵਾਲਾ ਡਾਕਟਰੀ ਪੇਸ਼ੇਵਰ, ਵਿਅਕਤੀ ਨਾਲ ਦੂਜੇ ਮੁੱਲਾਂਕਣ ਦੇ ਨਤੀਜਿਆਂ ਅਤੇ ਕਾਬਲੀਅਤ ਦੇ ਮੁੱਲਾਂਕਣ ਬਾਰੇ ਗੱਲ ਕਰੇਗਾ, ਜੇਕਰ ਲੋੜ ਹੋਵੇ।

ਜੇਕਰ ਵਿਅਕਤੀ assisted dying ਲਈ ਯੋਗ ਹੈ, ਤਾਂ ਉਹ ਉਹਨਾਂ ਦੀ assisted death ਲਈ ਯੋਜਨਾਵਾਂ ਬਣਾਉਣਾ ਸ਼ੁਰੂ ਕਰ ਸਕਦੇ ਹਨ, ਜਿਸ ਵਿੱਚ ਮਿਤੀ ਅਤੇ ਸਮਾਂ, ਅਤੇ ਤਰਜੀਹੀ ਸਥਾਨ ਦਾ ਫੈਸਲਾ ਕਰਨਾ ਸ਼ਾਮਲ ਹੈ।

ਜੇਕਰ ਵਿਅਕਤੀ assisted dying ਲਈ ਯੋਗ ਨਹੀਂ ਹੈ, ਉਹਨਾਂ ਨੂੰ ਅਟੈਂਡ ਕਰਨ ਵਾਲਾ ਡਾਕਟਰੀ ਪੇਸ਼ੇਵਰ ਕਾਰਨ ਦੱਸੇਗਾ, ਅਤੇ ਫੇਰ ਸੁਨਿਸ਼ਚਤ ਕਰੇਗਾ ਕਿ ਵਿਅਕਤੀ ਨੂੰ ਸਹਾਇਤਾ ਦਿੱਤੀ ਗਈ ਹੈ ਅਤੇ ਉਸ ਦੀ ਹੋਰ ਜੀਵਨ ਸਮਾਪਤੀ ਸੰਭਾਲ ਵਿਕਲਪਾਂ ਤਕ ਪਹੁੰਚ ਹੈ।

# Assisted dying ਦੀ ਪ੍ਰਕਿਰਿਆ ਕਿਸੇ ਵੀ ਸਮੇਂ ਰੁਕ ਸਕਦੀ ਹੈ

## ਜੇਕਰ ਵਿਅਕਤੀ ਯੋਗ ਨਹੀਂ ਹੈ ਤਾਂ ਪ੍ਰਕਿਰਿਆ ਰੁਕ ਜਾਵੇਗੀ

ਜੇਕਰ ਮੁੱਲਾਂਕਣਾਂ ਵਿੱਚੋਂ ਕਿਸੇ ਵਿੱਚ ਵੀ ਇਹ ਪਾਇਆ ਜਾਂਦਾ ਹੈ ਕਿ ਵਿਅਕਤੀ assisted dying ਦੇ ਯੋਗ ਨਹੀਂ ਹੈ, ਤਾਂ ਪ੍ਰਕਿਰਿਆ ਉਸ ਸਮੇਂ ਹੀ ਰੁਕ ਜਾਵੇਗੀ।

ਹਾਲਾਂਕਿ, ਇੱਕ ਵਿਅਕਤੀ ਮੁੱਲਾਂਕਣ ਪ੍ਰਕਿਰਿਆ ਤੋਂ ਬਾਅਦ ਅਯੋਗ ਬਣ ਸਕਦਾ ਹੈ ਜੇਕਰ ਉਹਨਾਂ ਦੀ ਸਥਿਤੀ ਬਦਲ ਜਾਂਦੀ ਹੈ। ਉਦਾਹਰਨ ਲਈ, ਜੇਕਰ ਵਿਅਕਤੀ ਯੋਗ ਪਾਏ ਜਾਣ ਤੋਂ ਬਾਅਦ ਇੱਕ ਦਿੱਤੀ ਗਈ ਸੂਚਨਾ ਦੇ ਆਧਾਰ 'ਤੇ ਫੈਸਲਾ ਕਰਨ ਦੀ ਕਾਬਲੀਅਤ ਖੋ ਦਿੰਦਾ ਹੈ ਤਾਂ, ਪ੍ਰਕਿਰਿਆ ਰੁਕ ਜਾਵੇਗੀ, ਅਤੇ ਉਹ ਇੱਕ assisted death ਪਾਉਣ ਦੇ ਯੋਗ ਨਹੀਂ ਰਹਿਣਗੇ।

ਜੇਕਰ ਪ੍ਰਕਿਰਿਆ ਕਿਸੇ ਵੀ ਅਵਸਥਾ 'ਤੇ ਰੁਕ ਜਾਂਦੀ ਹੈ, ਅਟੈਂਡ ਕਰਨ ਵਾਲਾ ਡਾਕਟਰੀ ਪੇਸ਼ੇਵਰ (ਜਾਂ ਅਟੈਂਡ ਕਰਨ ਵਾਲਾ/ਵਾਲੀ ਨਰਸ ਜੇਕਰ ਵਿਅਕਤੀ ਕੋਲ ਇੱਕ ਹੋਵੇ) ਵਿਅਕਤੀ ਅਤੇ ਉਹਨਾਂ ਦੇ whānau ਨੂੰ ਕਾਰਨਾਂ ਦੀ ਵਿਆਖਿਆ ਕਰੇਗਾ/ਕਰੇਗੀ।

## ਪ੍ਰਕਿਰਿਆ ਰੁਕ ਜਾਵੇਗੀ ਜੇਕਰ ਵਿਅਕਤੀ 'ਤੇ ਦਬਾਓ ਬਣਾਇਆ ਜਾ ਰਿਹਾ ਹੈ

ਸਿਰਫ ਵਿਅਕਤੀ ਹੀ assisted dying ਤਕ ਪਹੁੰਚ ਨੂੰ ਚੁਣ ਸਕਦਾ ਹੈ। ਇਹ ਲਾਜ਼ਮੀ ਤੌਰ 'ਤੇ ਉਹਨਾਂ ਦੀ ਸੂਚਨਾ ਚੋਣ ਹੋਵੇ, ਅਤੇ ਉਹਨਾਂ ਨੇ ਲਾਜ਼ਮੀ ਤੌਰ 'ਤੇ ਇਸ ਚੋਣ ਨੂੰ ਹੋਰ ਕਿਸੇ ਵੀ ਵਿਅਕਤੀ ਦੇ ਦਬਾਓ ਤੋਂ ਬਿਨਾਂ ਕੀਤਾ ਹੋਵੇ। Whānau, ਸੰਭਾਲ-ਕਰਤਾ, ਭਲਾਈ ਸਰਪ੍ਰਸਤ ਜਾਂ ਇੱਕ ਚਿਰ-ਸਥਾਈ 'ਪਾਵਰ ਆਫ਼ ਅਟਾਰਨੀ ਹੋਲਡਰ' ਕਿਸੇ ਹੋਰ ਵਿਅਕਤੀ ਦੇ ਵੱਲੋਂ assisted dying ਦੀ ਬੇਨਤੀ ਨਹੀਂ ਕਰ ਸਕਦੇ। ਇੱਕ ਸਿਹਤ ਪੇਸ਼ੇਵਰ ਇਸ ਦੀ ਇੱਕ ਵਿਕਲਪ ਦੇ ਤੌਰ 'ਤੇ ਸੁਝਾਅ ਨਹੀਂ ਦੇ ਸਕਦਾ।

ਜੇਕਰ ਵਿਅਕਤੀ ਨੂੰ ਅਟੈਂਡ ਕਰਨ ਵਾਲਾ ਡਾਕਟਰੀ ਪੇਸ਼ੇਵਰ ਜਾਂ ਅਟੈਂਡ ਕਰਨ ਵਾਲਾ/ਵਾਲੀ ਨਰਸ ਪੇਸ਼ੇਵਰ ਕਿਸੇ ਵੀ ਸਮੇਂ ਸੋਚਦੇ ਹਨ ਕਿ ਵਿਅਕਤੀ 'ਤੇ assisted dying ਲਈ ਦਬਾਓ ਪਾਇਆ ਜਾ ਰਿਹਾ ਹੈ ਤਾਂ, ਪ੍ਰਕਿਰਿਆ ਨੂੰ ਲਾਜ਼ਮੀ ਤੌਰ 'ਤੇ ਬੰਦ ਕੀਤਾ ਜਾਵੇ ਅਤੇ ਅਟੈਂਡ ਕਰਨ ਵਾਲਾ ਡਾਕਟਰੀ ਪੇਸ਼ੇਵਰ ਜਾਂ ਅਟੈਂਡ ਕਰਨ ਵਾਲੇ ਨਰਸ ਪੇਸ਼ੇਵਰ ਦੁਆਰਾ ਵਿਅਕਤੀ ਨੂੰ ਕਾਰਨ ਦੱਸਿਆ ਜਾਣਾ ਚਾਹੀਦਾ ਹੈ।

## ਪ੍ਰਕਿਰਿਆ ਰੁਕ ਜਾਵੇਗੀ ਜੇਕਰ ਵਿਅਕਤੀ ਆਪਣਾ ਫੈਸਲਾ ਬਦਲ ਦਿੰਦਾ ਹੈ

ਵਿਅਕਤੀ assisted dying ਨੂੰ ਚੁਣਨ ਬਾਰੇ ਆਪਣਾ ਫੈਸਲਾ ਬਦਲ ਸਕਦਾ ਹੈ, ਅਤੇ ਉਹ ਦਵਾਈ ਦਿੱਤੇ ਜਾਣ ਤਕ ਕਿਸੇ ਵੀ ਸਮੇਂ ਤਕ ਪ੍ਰਕਿਰਿਆ ਨੂੰ ਰੋਕ ਸਕਦੇ ਹਨ। ਵਿਅਕਤੀ ਨੂੰ ਅਟੈਂਡ ਕਰਨ ਵਾਲਾ ਡਾਕਟਰੀ ਪੇਸ਼ੇਵਰ ਜਾਂ ਅਟੈਂਡ ਕਰਨ ਵਾਲਾ/ਵਾਲੀ ਨਰਸ ਪੇਸ਼ੇਵਰ ਲਾਜ਼ਮੀ ਤੌਰ 'ਤੇ ਇਹ ਸੁਨਿਸ਼ਚਤ ਕਰੇ ਕਿ ਵਿਅਕਤੀ ਸਮਝਦਾ ਹੈ ਕਿ ਉਹ ਆਪਣਾ ਫੈਸਲਾ ਬਦਲ ਸਕਦੇ ਹਨ।

ਦਵਾਈ ਦਿੱਤੇ ਜਾਣ ਤੋਂ ਪਹਿਲਾਂ, ਅਟੈਂਡ ਕਰਨ ਵਾਲਾ ਡਾਕਟਰੀ ਪੇਸ਼ੇਵਰ ਜਾਂ ਅਟੈਂਡ ਕਰਨ ਵਾਲਾ/ਵਾਲੀ ਨਰਸ ਪੇਸ਼ੇਵਰ ਵਿਅਕਤੀ ਨੂੰ ਪੁੱਛਣਗੇ ਜੇਕਰ ਉਹ ਦਵਾਈ ਲੈਣਾ ਚਾਹੁੰਦੇ ਹਨ । ਵਿਅਕਤੀ ਤਿੰਨ ਵਿਕਲਪਾਂ ਵਿੱਚੋਂ ਇੱਕ ਚੁਣ ਸਕਦਾ ਹੈ:

- ਦਵਾਈ ਨੂੰ ਇਸ ਸਮੇਂ ਲੈ ਲਏ
- ਦਵਾਈ ਲੈਣ ਨੂੰ ਕਿਸੇ ਬਾਅਦ ਦੀ ਮਿਤੀ ਤਕ ਟਾਲ ਦੇਵੇ (ਮੁੱਢਲੇ ਰੂਪ ਵਿੱਚ ਚੁਣੀ ਮਿਤੀ ਤੋਂ ਛੇ ਮਹੀਨਿਆਂ ਵਿਚਕਾਰ)
- ਆਪਣੇ assisted dying ਨੂੰ ਰੱਦ ਕਰ ਦੇਵੇ।

# ਇੱਕ assisted death ਲਈ ਯੋਜਨਾਬੰਦੀ

ਜੇਕਰ ਵਿਅਕਤੀ assisted dying ਦੇ ਯੋਗ ਹੈ ਤਾਂ, ਕਈ ਫੈਸਲੇ ਕਰਨੇ ਪੈਣਗੇ, ਜਿਹਨਾਂ ਵਿੱਚ ਉਹਨਾਂ ਦੀ ਡਾਕਟਰੀ ਸੰਭਾਲ ਬਾਰੇ ਫੈਸਲੇ ਅਤੇ ਜੀਵਨ ਸਮਾਪਤੀ ਦੇ ਬਾਅਦ ਉਸ ਵਿਅਕਤੀ ਅਤੇ ਉਹਨਾਂ ਦੇ whānau ਲਈ ਜੋ ਮਾਇਨੇ ਰੱਖਦਾ ਹੈ, ਉਸ ਬਾਰੇ ਫੈਸਲੇ ਸ਼ਾਮਲ ਹਨ। ਅਟੈਂਡ ਕਰਨ ਵਾਲਾ ਡਾਕਟਰੀ ਪੇਸ਼ੇਵਰ ਜਾਂ ਅਟੈਂਡ ਕਰਨ ਵਾਲਾ/ਵਾਲੀ ਨਰਸ ਪੇਸ਼ੇਵਰ ਇਸ ਯੋਜਨਾਬੰਦੀ ਦੇ ਹਿੱਸੇ ਵੱਜੋਂ ਸਲਾਹ ਅਤੇ ਸਹਾਇਤਾ ਪ੍ਰਦਾਨ ਕਰੇਗਾ।

ਅਟੈਂਡ ਕਰਨ ਵਾਲਾ ਡਾਕਟਰੀ ਪੇਸ਼ੇਵਰ ਜਾਂ ਅਟੈਂਡ ਕਰਨ ਵਾਲਾ/ਵਾਲੀ ਨਰਸ ਪੇਸ਼ੇਵਰ ਵਿਅਕਤੀ ਨੂੰ ਆਪਣੇ whānau ਨਾਲ ਯੋਜਨਾਵਾਂ ਅਤੇ ਫੈਸਲਿਆਂ ਬਾਰੇ ਗੱਲ ਕਰਨ ਲਈ ਉਤਸ਼ਾਹਿਤ ਕਰੇਗਾ। ਉਮੀਦ ਹੈ ਕਿ ਇਹ ਯੋਜਨਾਬੰਦੀ ਕਈ ਗੱਲਾਂਬਾਤਾਂ ਰਾਹੀਂ ਹੋਵੇਗੀ, ਅਤੇ ਵਿਅਕਤੀ ਅਤੇ ਉਹਨਾਂ ਦੇ whānau ਸੁਆਲ ਅਤੇ ਜੇ ਲੋੜ ਹੋਵੇ ਤਾਂ ਹੋਰ ਸੂਚਨਾ ਪੁੱਛ ਸਕਦੇ ਹਨ।

## ਮਿਤੀ ਅਤੇ ਸਮੇਂ 'ਤੇ ਸਹਿਮਤ ਹੋਣਾ

ਜਦੋਂ ਅਟੈਂਡ ਕਰਨ ਵਾਲਾ ਡਾਕਟਰੀ ਪੇਸ਼ੇਵਰ ਵਿਅਕਤੀ ਨੂੰ ਦੱਸਦਾ ਹੈ ਕਿ ਉਹ ਯੋਗ ਹਨ, ਉਹ assisted death ਵਾਪਰਨ ਦੀਆਂ ਸੰਭਾਵਤ ਮਿਤੀਆਂ ਅਤੇ ਸਮਿਆਂ ਬਾਰੇ ਗੱਲ ਕਰਨਗੇ।

ਅਟੈਂਡ ਕਰਨ ਵਾਲਾ ਡਾਕਟਰੀ ਪੇਸ਼ੇਵਰ ਵਿਅਕਤੀ ਦੀ ਜੀਵਨ ਸੰਭਾਵਨਾ (ਕਿੰਨਾ ਸਮਾਂ ਉਹਨਾਂ ਕੋਲ ਹੋਰ ਜਿਉਣ ਲਈ ਬਚਿਆ ਹੋ ਸਕਦਾ ਹੈ) ਦੇ ਆਧਾਰ 'ਤੇ ਸਲਾਹ ਦੇਵੇਗਾ। ਵਿਹਾਰਕ ਕਾਰਨ ਵੀ ਧਿਆਨ ਦੇਣ ਲਈ ਹੋ ਸਕਦੇ ਹਨ, ਜਿਵੇਂ ਕਿ ਜੇਕਰ ਵਿਅਕਤੀ ਦਾ ਕੋਈ whānau ਹੈ ਜੋ ਉਸ ਦੇ ਮਰਨ ਤੋਂ ਪਹਿਲਾਂ ਉਸ ਨੂੰ ਦੇਖਣ ਲਈ ਸਫਰ ਕਰਨਾ ਚਾਹੁੰਦਾ ਹੈ।

ਵਿਅਕਤੀ ਇੱਕ ਮਿਤੀ ਅਤੇ ਸਮੇਂ ਨੂੰ ਚੁਣੇਗਾ ਅਤੇ ਇਸ ਦੀ ਪੁਸ਼ਟੀ ਲਈ ਇੱਕ ਫਾਰਮ ਵਿੱਚ ਭਰੇਗਾ।

## ਵਿਅਕਤੀ ਚੁਣੇਗਾ ਕਿ ਦਵਾਈ ਕਿਵੇਂ ਦਿੱਤੀ ਜਾਣੀ ਹੈ

ਵਿਅਕਤੀ ਨੇ ਦਵਾਈ ਦਿੱਤੇ ਜਾਣ ਦੇ ਚਾਰ ਢੰਗਾਂ ਵਿੱਚੋਂ ਇੱਕ ਨੂੰ ਚੁਣਨਾ ਹੈ, ਜਿਹਨਾਂ ਦਾ ਨਿਰਧਾਰਨ ਕਾਨੂੰਨ ਵਿੱਚ ਕੀਤਾ ਗਿਆ ਹੈ।

- ਅਟੈਂਡ ਕਰਨ ਵਾਲਾ ਡਾਕਟਰੀ ਪੇਸ਼ੇਵਰ ਜਾਂ ਅਟੈਂਡ ਕਰਨ ਵਾਲਾ/ਵਾਲੀ ਨਰਸ ਪੇਸ਼ੇਵਰ ਦਵਾਈ ਨੂੰ ਦੇ ਸਕਦਾ ਹੈ ਜਾਂ ਤਾਂ ਅੰਤਰਨਾੜੀ (ਆਈ.ਵੀ.) ਇੰਜੈਕਸ਼ਨ ਰਾਹੀਂ ਜਾਂ ਮੂੰਹ ਰਾਹੀਂ (ਜਿਸ ਵਿੱਚ ਇੱਕ ਖੁਰਾਕ ਨਲੀ ਦੁਆਰਾ ਵੀ ਸ਼ਾਮਲ ਹੈ)।
- ਵਿਅਕਤੀ ਦਵਾਈ ਨੂੰ ਆਪਣੇ ਆਪ ਵੀ 'ਆਈ.ਵੀ. ਟ੍ਰਿਗਰਿੰਗ' ਰਾਹੀਂ ਜਾਂ ਮੂੰਹ ਰਾਹੀਂ ਲੈ ਸਕਦਾ ਹੈ।

ਜੇਕਰ ਵਿਅਕਤੀ ਦਵਾਈ ਨੂੰ ਆਪਣੇ ਆਪ ਲੈਣਾ ਚੁਣਦਾ ਹੈ, ਤਾਂ ਅਟੈਂਡ ਕਰਨ ਵਾਲਾ ਡਾਕਟਰੀ ਪੇਸ਼ੇਵਰ ਜਾਂ ਅਟੈਂਡ ਕਰਨ ਵਾਲਾ/ਵਾਲੀ ਨਰਸ ਪੇਸ਼ੇਵਰ ਦਾ ਪ੍ਰਕਿਰਿਆ ਵਿੱਚ ਸਹਾਇਤਾ ਲਈ ਮੌਜੂਦ ਹੋਣਾ ਲਾਜ਼ਮੀ ਹੈ।

ਅਟੈਂਡ ਕਰਨ ਵਾਲਾ ਡਾਕਟਰੀ ਪੇਸ਼ੇਵਰ ਜਾਂ ਅਟੈਂਡ ਕਰਨ ਵਾਲਾ/ਵਾਲੀ ਨਰਸ ਪੇਸ਼ੇਵਰ ਵਿਕਲਪਾਂ ਦੀ ਚਰਚਾ ਕਰੇਗਾ ਅਤੇ ਇਹ ਸੁਨਿਸ਼ਚਤ ਕਰੇਗਾ ਕਿ ਵਿਅਕਤੀ ਉਹਨਾਂ ਨੂੰ ਸਮਝਦਾ ਹੈ। ਉਹ ਇਹ ਵੀ ਵਿਆਖਿਆ ਕਰਨਗੇ ਕਿ assisted death ਦੇ ਦਿਨ ਕੀ ਹੋਵੇਗਾ।

ਕੁਝ ਵਿਕਲਪ ਵਿਅਕਤੀ ਦੀ ਡਾਕਟਰੀ ਹਾਲਤ ਦੇ ਆਧਾਰ 'ਤੇ ਉਚਿਤ ਜਾਂ ਸੰਭਵ ਨਹੀਂ ਵੀ ਹੋ ਸਕਦੇ। ਅਟੈਂਡ ਕਰਨ ਵਾਲਾ ਡਾਕਟਰੀ ਪੇਸ਼ੇਵਰ ਜਾਂ ਅਟੈਂਡ ਕਰਨ ਵਾਲਾ/ਵਾਲੀ ਨਰਸ ਪੇਸ਼ੇਵਰ, ਵਿਅਕਤੀ ਨੂੰ ਸਲਾਹ ਦੇ ਸਕਦਾ ਹੈ ਕਿ ਉਹਨਾਂ ਲਈ ਸਭ ਤੋਂ ਢੁੱਕਵਾਂ ਕੀ ਹੈ। ਵਿਅਕਤੀ ਨੂੰ ਵਿਚਾਰਨ ਅਤੇ ਫੈਸਲਾ ਕਰਨ ਲਈ ਸਮਾਂ ਦਿੱਤਾ ਜਾਵੇਗਾ।

## ਜ਼ਿਆਦਾਤਰ assisted deaths ਵਿਅਕਤੀ ਦੇ ਘਰ ਵਿੱਚ ਹੋਣ ਦੀ ਸੰਭਾਵਨਾ ਹੈ

ਜੇਕਰ ਇਹ ਸੰਭਵ ਹੋਵੇ, ਤਾਂ ਸੰਭਾਵਨਾ ਹੈ ਕਿ ਲੋਕ ਘਰ ਵਿੱਚ ਮਰਨ ਨੂੰ ਚੁਣਦੇ ਹਨ। ਅਟੈਂਡ ਕਰਨ ਵਾਲਾ ਡਾਕਟਰੀ ਪੇਸ਼ੇਵਰ ਜਾਂ ਅਟੈਂਡ ਕਰਨ ਵਾਲਾ/ਵਾਲੀ ਨਰਸ ਪੇਸ਼ੇਵਰ ਇਹ ਸੰਭਾਲ ਪ੍ਰਦਾਨ ਕਰਨ ਲਈ ਵਿਅਕਤੀ ਕੋਲ ਸਫਰ ਕਰਕੇ ਜਾਏਗਾ।

ਵਿਅਕਤੀ ਇੱਕ ਅਜਿਹੇ ਸਥਾਨ 'ਤੇ ਰਹਿੰਦਾ ਹੋ ਸਕਦਾ ਹੈ ਜਿੱਥੇ assisted dying ਸੰਭਵ ਜਾਂ ਉਚਿਤ ਨਾ ਹੋਵੇ, ਜਿਵੇਂ ਕਿ ਇੱਕ ਰਿਹਾਇਸ਼ੀ ਸੁਵਿਧਾ ਜੋ assisted dying ਨਾਲ ਸਹਿਮਤ ਨਾ ਹੋਵੇ ਜਾਂ ਪ੍ਰਦਾਨ ਨਾ ਕਰਦੀ ਹੋਵੇ। ਇਸ ਮਾਮਲੇ ਵਿੱਚ, ਵਿਅਕਤੀ ਨੂੰ ਅਟੈਂਡ ਕਰਨ ਵਾਲਾ ਡਾਕਟਰੀ ਪੇਸ਼ੇਵਰ ਜਾਂ ਅਟੈਂਡ ਕਰਨ ਵਾਲਾ/ਵਾਲੀ ਨਰਸ ਪੇਸ਼ੇਵਰ, 'ਮਿਨਿਸਟਰੀ ਆਫ਼ ਹੈਲਥ ਸਕੱਤਰੇਤ' ਦੀ ਸਹਾਇਤਾ ਨਾਲ, ਹੋਰ ਵਿਕਲਪਾਂ ਬਾਰੇ ਸਲਾਹ ਦੇਵੇਗਾ।

## ਵਿਅਕਤੀ ਇਹ ਚੁਣ ਸਕਦਾ ਹੈ ਕਿ ਉਹ ਕਿਹਨਾਂ ਨੂੰ ਚਾਹੁੰਦੇ ਹਨ ਕਿ ਮੌਜੂਦ ਹੋਣ ਅਤੇ ਕੀ ਹੁੰਦਾ ਹੈ

ਵਿਅਕਤੀ ਇਹ ਚੁਣ ਸਕਦਾ ਹੈ ਕਿ ਜੇ ਉਹ ਚਾਹੁਣ ਕਿ whānau ਜਾਂ ਹੋਰ ਲੋਕ ਉਹਨਾਂ ਦੀ assisted death 'ਤੇ ਮੌਜੂਦ ਹੋਣ। ਕੁਝ ਵਿਅਕਤੀ ਇਹ ਵੀ ਚੁਣ ਸਕਦੇ ਹਨ ਕਿ ਕੋਈ ਸਭਿਆਚਾਰਕ ਜਾਂ ਰੂਹਾਨੀ ਨੇਤਾ ਵੀ ਉਹਨਾਂ ਦੇ ਨਾਲ ਹੋਵੇ।

ਵਿਅਕਤੀ ਦਵਾਈ ਦਿੱਤੇ ਜਾਣ ਤੋਂ ਪਹਿਲਾਂ ਜਾਂ ਬਾਅਦ ਵਿੱਚ ਕੁਝ ਰੀਤੀਆਂ ਜਾਂ ਰਿਵਾਜ਼ਾਂ ਕੀਤੇ ਜਾਣ ਨੂੰ ਵੀ ਚੁਣ ਸਕਦਾ ਹੈ। ਵਿਅਕਤੀ ਅਤੇ ਉਹਨਾਂ ਦੇ Whānau ਇਸ ਦੀ ਯੋਜਨਾ ਇਕੱਠੇ ਬਣਾ ਸਕਦੇ ਹਨ ਅਤੇ ਉਹਨਾਂ ਰੀਤੀਆਂ ਜਾਂ ਰਿਵਾਜ਼ਾਂ ਨੂੰ ਚੁਣ ਸਕਦੇ ਹਨ ਜੋ ਉਹਨਾਂ ਅਤੇ ਉਹਨਾਂ

ਦੇ ਸਭਿਆਚਾਰ ਅਤੇ ਵਿਸ਼ਵਾਸਾਂ ਲਈ ਮਹੱਤਵਪੂਰਨ ਹਨ। ਉਦਾਹਰਨ ਲਈ, ਕੁਝ ਲੋਕ 'ਕਰਾਕਿਆ' ਜਾਂ ਅਰਦਾਸ ਹੋਣਾ ਚੁਣ ਸਕਦੇ ਹਨ, ਜਾਂ ਸੰਗੀਤ ਵਜਾਉਣਾ ਜਾਂ ਕੁਝ ਪੜ੍ਹਨਾ ਜੋਕਿ ਵਿਅਕਤੀ ਲਈ ਖ਼ਾਸ ਹੋਵੇ।

ਵਿਅਕਤੀ ਨੂੰ ਅਟੈਂਡ ਕਰਨ ਵਾਲਾ ਡਾਕਟਰੀ ਪੇਸ਼ੇਵਰ ਜਾਂ ਅਟੈਂਡ ਕਰਨ ਵਾਲਾ/ਵਾਲੀ ਨਰਸ ਪੇਸ਼ੇਵਰ, ਵਿਅਕਤੀ ਨਾਲ assisted death (ਸਹਾਇਤਾ ਪ੍ਰਾਪਤ ਮੌਤ) ਦੀ ਤਿਆਰੀ ਦੇ ਹਿੱਸੇ ਵੱਜੋਂ ਇਹਨਾਂ ਯੋਜਨਾਵਾਂ ਅਤੇ ਫੈਸਲਿਆਂ ਬਾਰੇ ਵੀ ਗੱਲ ਕਰੇਗਾ। ਇਹ ਇਸ ਗੱਲ ਨੂੰ ਸੁਨਿਸ਼ਚਤ ਕਰਨ ਵਿੱਚ ਸਹਾਇਤਾ ਕਰਦੀ ਹੈ ਕਿ ਹਰ ਕੋਈ ਇਸ ਬਾਰੇ ਸੱਪਸ਼ਟ ਹੈ ਕਿ ਕੀ ਹੋਵੇਗਾ ਅਤੇ ਇਹ ਕਿ ਵਿਅਕਤੀ ਦੀਆਂ ਚੋਣਾਂ ਦਾ ਸਨਮਾਨ ਕੀਤਾ ਗਿਆ ਹੈ ਅਤੇ ਉਹਨਾਂ ਨੂੰ ਸਹੀ ਮੰਨਿਆ ਗਿਆ ਹੈ।

## ਵਧੇਰੇ ਸੂਚਨਾ ਲਈ

Assisted dying ਬਾਰੇ ਵਧੇਰੇ ਸੂਚਨਾ **'ਮਿਨਿਸਟਰੀ ਆਫ਼ ਹੈਲਥ' ਦੀ ਵੈਬਸਾਈਟ**'ਤੇ ਉਪਲਬਧ ਹੈ।